ਬਾਰ੍ਹਵੀਂ ਜਮਾਤ
ਵਿਸ਼ਾ-ਧਰਮ

ਮਾਡਲ ਟੈਸਟ ਪੇਪਰ-1
MR/HI/VI ਵਿਦਿਆਰਥੀਆਂ ਲਈ

**ਸਮਾਂ 3 ਘੰਟੇ** **ਕੁੱਲ ਅੰਕ: 90**

**ਭਾਗ-ੳ (ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ-ਹਰੇਕ ਪ੍ਰਸ਼ਨ 2-2 ਅੰਕ ਦਾ ਹੈ।** $27 \times 2 = 54$

**ਖਾਲੀ ਥਾਵਾਂ ਭਰੋ:**

1. ਆਰੀਆਂ ਦਾ ਸਭ ਤੋਂ ਵੱਡਾ ਦੇਵਤਾ .................. ਸੀ।
2. 'ਸਤਿਗੁਰੂ ਨਾਨਕ ਪ੍ਰਗਟਿਆ' ਤੁਕ .................. ਦੀ ਲਿਖੀ ਹੋਈ ਹੈ।
3. ਬੁੱਧ ਧਰਮ ਦੀ ਨੈਤਿਕਤਾ .................. ਵਿੱਚ ਛੁਪੀ ਹੋਈ ਹੈ।
4. ਆਦਿ ਗ੍ਰੰਥ ਵਿੱਚ ਕੁੱਲ .................. ਭਗਤਾਂ ਦੀ ਬਾਣੀ ਸ਼ਾਮਿਲ ਹੈ।
5. ਜੈਨਮਤ ਵਾਲੇ .................. ਮਹਾ ਵਰਤਾਂ ਵਿੱਚ ਵਿਸ਼ਵਾਸ਼ ਕਰਦੇ ਹਨ।
6. ਸਿੱਖ ਰਹਿਤ ਮਰਯਾਦਾ ਦਾ ਮੂਲ ਸੋਮਾ .................. ਹੈ।

**ਠੀਕ ਗਲਤ ਦੱਸੋ।**

7. ਹੜੱਪਾ ਸਭਿਅਤਾ ਦੇ ਲੋਕ ਮੁਰਦੇ ਨੂੰ ਸਾੜਦੇ ਨਹੀਂ ਸਨ। (ਠੀਕ/ਗਲਤ)
8. ਨਾਰਦ ਪੁਰਾਣ ਵਿੱਚ ਲਗਪਗ 25 ਹਜ਼ਾਰ ਸਲੋਕ ਹਨ। (ਠੀਕ/ਗਲਤ)
9. ਗੁਰੂ ਅੰਗਦ ਦੇਵ ਜੀ ਦਾ ਵਿਆਹ ਬੀਬੀ ਖੀਵੀ ਨਾਲ ਹੋਇਆ। (ਠੀਕ/ਗਲਤ)
10. ਕਲਿੰਗਾ ਦੀ ਜਿੱਤ ਪਿੱਛੋਂ ਅਸ਼ੋਕ ਬੁੱਧ ਧਰਮ ਦਾ ਪੈਰੋਕਾਰ ਬਣ ਗਿਆ। (ਠੀਕ/ਗਲਤ)
11. ਤ੍ਰਿਪਿਟਕ ਜੈਨ ਧਰਮ ਦਾ ਗ੍ਰੰਥ ਹੈ। (ਠੀਕ/ਗਲਤ)
12. ਸਿੱਖ ਜੀਵਨ ਜਾਚ ਅਨੁਸਾਰ ਸ੍ਰਿਸ਼ਟੀ ਦਾ ਪ੍ਰਬੰਧ ਪ੍ਰਮਾਤਮਾ ਦੇ ਹੁਕਮ ਨਾਲ ਚਲ ਰਿਹਾ ਹੈ। (ਠੀਕ/ਗਲਤ)

**ਬਹੁ ਵਿਕਲਪੀ ਪ੍ਰਸ਼ਨ**

13. ਜਲ ਦੀ ਪਵਿੱਤਰਤਾ ਮਹਿੰਜੋਦੜੋ ਤੋਂ ਮਿਲੀ ਕਿਸ ਚੀਜ਼ ਤੋਂ ਪਤਾ ਲੱਗੀ।

(ੳ) ਨਦੀ (ਅ) ਖੂਹ (ੲ) ਵਿਸ਼ਾਲ ਇਸ਼ਨਾਨ ਘਰ (ਸ) ਸਾਊਦੀ

14. ਮਹਾਤਮਾ ਬੁੱਧ ਦੇ ਪਿਤਾ ਦਾ ਨਾਮ ਸੀ-

(ੳ) ਸੁਧੋਧਨ (ਅ) ਮਹਾਮਾਯਾ (ੲ) ਰਾਹੁਲ (ਸ) ਬੁੱਧ ਘੋਸ਼

15. ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਕਿਸ ਸਥਾਨ ਤੇ ਹੋਇਆ?

(ੳ) ਤਰਨਤਾਰਨ (ਅ) ਸ੍ਰੀ ਆਨੰਦਪੁਰ ਸਾਹਿਬ

(ੲ) ਰਾਮਸਰ (ਅੰਮ੍ਰਿਤਸਰ) (ਸ) ਕਰਤਾਰਪੁਰ ਸਾਹਿਬ

16. ਭਗਵਤ ਪੁਰਾਣ ਦਾ ਸੰਬੰਧ ਮੁੱਖ ਤੌਰ ਤੇ ਕਿਹੜੇ ਦੇਵਤੇ ਨਾਲ ਸੰਬੰਧ ਹੈ?

(ੳ) ਸ਼ਿਵਜੀ (ਅ) ਇੰਦਰ (ੲ) ਵਿਸ਼ਨੂੰ (ਸ) ਵਰੁਣ

**ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ-**

17. ਸਿੰਧੂ ਘਾਟੀ ਸਭਿਅਤਾ ਦੇ ਲੋਕ ਵਧੇਰੇ ਕਿਸ ਦੇਵਤੇ ਦੀ ਪੂਜਾ ਕਰਦੇ ਸਨ?
18. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ ਜੋਤ ਸਮਾਏ ਅਤੇ ਕਿੱਥੇ?
19. ਜੈਨ ਧਰਮ ਦੇ ਤਿੰਨ ਰਤਨ ਕਿਹੜੇ ਹਨ?
20. ਆਦਿ ਗ੍ਰੰਥ ਵਿਚਲੇ ਸ਼ਬਦ 'ਮਹਲਾ' ਤੋਂ ਕੀ ਭਾਵ ਹੈ?
21. ਬੁੱਧ ਧਰਮ ਅਨੁਸਾਰ 'ਸੱਚਾ ਕਰਮ' ਕਿਸਨੂੰ ਆਖਦੇ ਹਨ?
22. ਲੰਗਰ ਦੀ ਪ੍ਰਥਾ ਸਭ ਤੋਂ ਪਹਿਲਾ ਕਿਸਨੇ ਸ਼ੁਰੂ ਕੀਤੀ?
23. ਮਹਾਤਮਾ ਬੁੱਧ ਦੇ ਦੋ ਚੇਲਿਆਂ ਦੇ ਨਾਂ ਲਿਖੋ।
24. ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਆਖਰੀ ਸਮਾਂ ਕਿੱਥੇ ਗੁਜਾਰਿਆ?
25. 'ਕਿਰਤ' ਕਰਨ ਤੋਂ ਕੀ ਭਾਵ ਹੈ?
26. ਕਿਹੜੀ ਸਮ੍ਰਿਤੀ ਵਿੱਚ ਇਸਤਰੀ ਦੇ ਮੁੜ ਵਿਆਹ ਦਾ ਵਿਰੋਧ ਨਹੀਂ ਹੈ।
27. ਮੂਲ ਮੰਤਰ ਅਨੁਸਾਰ 'ਕਰਤਾ ਪੁਰਖ' ਵਿੱਚ ਕਿਹੜੇ ਕਿਹੜੇ ਗੁਣ ਹਨ?

**ਭਾਗ-ਅ (ਕੋਈ ਚਾਰ ਪ੍ਰਸ਼ਨ ਹੱਲ ਕਰਨੇ ਲਾਜਮੀ ਹਨ। ਹਰੇਕ ਪ੍ਰਸ਼ਨ ਦੇ 4 ਅੰਕ ਹਨ। )** **4 × 4 = 16**

28. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਹੜੇ-ਕਿਹੜੇ ਢੰਗ ਨਾਲ ਮ੍ਰਿਤੂ ਸੰਸਕਾਰ ਕਰਦੇ ਸਨ?
29. ਮੁੱਖ ਉਪਨਿਸ਼ਦ ਕਿੰਨੇ ਹਨ, ਕਿਸੇ ਦੋ ਦੇ ਨਾਂ ਲਿਖੋ।
30. ਮਹਾਤਮਾ ਬੁੱਧ ਦੀਆਂ ਕੋਈ ਦੋ ਸਿਖਿਆਵਾਂ ਲਿਖੋ।

31. ਨਿੱਤਨੇਮ ਦੀਆਂ ਬਾਣੀਆਂ 'ਚੋਂ ਕਿਸੇ ਇੱਕ ਬਾਰੇ ਜਾਣਕਾਰੀ ਦਿਓ।

32. ਭਗਵਾਨ ਮਹਾਂਵੀਰ ਦੀਆਂ ਕੋਈ ਚਾਰ ਸਿੱਖਿਆਵਾਂ ਲਿਖੋ।

33. ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕੀ ਕੀਤਾ?

34. ਜੈਨ ਧਰਮ ਅਨੁਸਾਰ ਅਹਿੰਸਾ ਕੀ ਹੈ?

35. ਆਰੀਆ ਲੋਕਾਂ ਦੇ ਰੁਦਰ ਦੇਵਤਾ ਬਾਰੇ ਤੁਸੀਂ ਕੀ ਜਾਣਦੇ ਹੋ?

36. ਸਿੱਖ ਧਰਮ ਵਿੱਚ 'ਕੀਰਤਨ' ਦੀ ਕੀ ਮਹੱਤਤਾ ਹੈ?

**ਭਾਗ-(ੲ) ਕੋਈ ਚਾਰ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 5 ਅੰਕ ਹਨ।** **$4 \times 5 = 20$**

37. ਚੰਦੂ ਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕਿਵੇਂ ਕੀਤੀ?

38. ਸਿੰਧੂ ਘਾਟੀ ਦੇ ਸਭਿਅਤਾ ਦੇ ਲੋਕਾਂ ਦੇ ਮ੍ਰਿਤਕ ਸੰਸਕਾਰਾਂ ਬਾਰੇ ਜਾਣਕਾਰੀ ਦਿਓ।

39. ਜੈਨ ਧਰਮ ਦੇ ਸੱਚਾ ਆਚਰਨ ਤੋਂ ਕੀ ਭਾਵ ਹੈ।

40. ਬੁੱਧ ਮੱਤ ਦੀ ਤੀਜੀ ਮਹਾਂਸਭਾ ਬਾਰੇ ਜਾਣਕਾਰੀ ਦਿਓ।

41. ਸਿੱਧ ਧਰਮ ਅਨੁਸਾਰ 'ਹੁਕਮ' ਕੀ ਹੈ?

42. ਆਦਿ ਗ੍ਰੰਥ ਦੀ ਬਾਣੀ ਦੀ ਤਰਤੀਬ ਦੱਸੋ।

43. 'ਅਹਿੰਸਾ' ਸੰਬੰਧੀ ਬੁੱਧ ਦੇ ਕੀ ਵਿਚਾਰ ਹਨ?